Final - P-I

# ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨਾ ਮੁਲਾਂਕਣ-ਪੱਤਰ, ਮਾਰਚ 2020

ਜਮਾਤ: ਚੌਥੀ

ਵਿਸ਼ਾ: ਪੰਜਾਬੀ

ਵਿਦਿਆਰਥੀ ਦਾ ਨਾਂ..... ਰੋਲ ਨੰ.....

ਜਮਾਤ..... ਮਿਤੀ.....

ਸਮਾਂ : 3 ਘੰਟੇ ਕੁੱਲ ਅੰਕ : 80

1. ਹੇਠਾਂ ਦਿੱਤੇ ਹੋਏ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ? 10 ਅੰਕ

ਇਹ ਤਿਉਹਾਰ ਰਮਜ਼ਾਨ ਦੇ ਮਹੀਨੇ ਤੋਂ ਬਾਅਦ ਆਉਂਦਾ ਹੈ। ਰਮਜ਼ਾਨ ਦੇ ਮਹੀਨੇ ਵਿੱਚ ਤੀਹ ਰੋਜ਼ੇ ਰੱਖੇ ਜਾਂਦੇ ਹਨ।ਰੋਜ਼ਿਆਂ ਵਿੱਚ ਲੋਕ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੁਝ ਵੀ ਨਹੀਂ ਖਾਂਦੇ-ਪੀਂਦੇ।ਜਦੋਂ ਅਖੀਰਲਾ ਰੋਜ਼ਾ ਹੁੰਦਾ ਹੈ,ਉਸ ਰਾਤ ਚੰਦ ਦਿਖਾਈ ਦਿੰਦਾ ਹੈ।ਉਸ ਤੋਂ ਅਗਲੇ ਦਿਨ ਈਦ ਮਨਾਈ ਜਾਂਦੀ ਹੈ।ਇਸ ਈਦ ਨੂੰ 'ਈਦ-ਉੱਲ-ਫ਼ਿਤਰ' ਆਖਦੇ ਹਨ।ਇਸ ਨੂੰ 'ਮਿੱਠੀ ਈਦ' ਵੀ ਕਿਹਾ ਜਾਂਦਾ ਹੈ।

ਪ੍ਰਸ਼ਨ (ੳ) ਕਿਹੜੇ ਮਹੀਨੇ ਰੋਜ਼ੇ ਰੱਖੇ ਜਾਂਦੇ ਹਨ?

ਉੱਤਰ-.....

ਪ੍ਰਸ਼ਨ (ਅ) ਕਿਸ ਰਾਤ ਚੰਦ ਦਿਖਾਈ ਦਿੰਦਾ ਹੈ?

ਉੱਤਰ-.....

ਪ੍ਰਸ਼ਨ (ੲ) 'ਈਦ-ਉੱਲ-ਫ਼ਿਤਰ' ਨੂੰ ਹੋਰ ਕਿਹੜੀ ਈਦ ਕਿਹਾ ਜਾਂਦਾ ਹੈ?

ਉੱਤਰ-.....

ਪ੍ਰਸ਼ਨ (ਸ) ਇਹ ਪੈਰਾ ਕਿਸ ਪਾਠ ਵਿੱਚੋਂ ਲਿਆ ਗਿਆ ਹੈ?

ਉੱਤਰ-.....

ਪ੍ਰਸ਼ਨ (ਹ) 'ਰੋਜ਼ਾ' ਸ਼ਬਦ ਦਾ ਕੀ ਅਰਥ ਹੈ?

ਉੱਤਰ-.....

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ। ਹਰ ਪ੍ਰਸ਼ਨ ਦਾ 1 ਅੰਕ ਹੈ। 16 ਅੰਕ

1. ਪੰਜਾਬ ਦਾ ਰਾਜ-ਰੁੱਖ ਕਿਹੜਾ ਹੈ?

ੳ) ਕਿੱਕਰ ਅ) ਟਾਹਲੀ ੲ) ਤੂਤ ਸ) ਬੋਹੜ

2. ਅਮਰੀਕਾ ਵੱਸਦੇ ਭਾਰਤੀਆਂ ਵੱਲੋਂ ਬਣਾਈ 'ਗ਼ਦਰ ਪਾਰਟੀ' ਦੇ ਪਹਿਲੇ ਪ੍ਰਧਾਨ ਕੌਣ ਸਨ?

ੳ) ਊਧਮ ਸਿੰਘ ਅ) ਭਗਤ ਸਿੰਘ ੲ) ਕਰਤਾਰ ਸਿੰਘ ਸਰਾਭਾ ਸ) ਬਾਬਾ ਸੋਹਣ ਸਿੰਘ ਭਕਨਾ

P-II

3. ਪਤੰਗ ਕਿਸ ਰੁੱਤ ਵਿੱਚ ਚੜ੍ਹਾਏ ਜਾਂਦੇ ਹਨ?

ੳ) ਬਸੰਤ ਵਿੱਚ ਅ) ਗਰਮੀ ਵਿੱਚ ੲ) ਸਰਦੀ ਵਿੱਚ

4. ਆਦਮੀ ਕਿਵੇਂ ਮਹਾਨ ਬਣਦਾ ਹੈ ?

ੳ) ਪੈਸੇ ਨਾਲ਼ ਅ) ਚੰਗੇ ਅਸੂਲਾਂ ਨਾਲ਼ ੲ) ਮਹਿੰਗੇ ਕੱਪੜੇ ਪਾ ਕੇ ਸ) ਵੱਡੇ ਫੋਨ ਨਾਲ਼

5. ਗਾਂਧੀ ਜੀ ਕਿਸ ਕਰਕੇ ਜੀਵਨ ਵਿੱਚ ਸਫਲ ਹੋਏ?

ੳ) ਕੱਪੜੇ ਅ) ਪੈਸੇ ੲ) ਅਸੂਲ ਸ) ਪੁੱਤਰਾਂ

6. 'ਮਨਾਈਏ'ਨਾਲ਼ ਮਿਲਦਾ ਤੁਕਾਂਤ ਚੁਣੋ?

ੳ) ਜਿੱਤੀਏ ਅ) ਰੁੱਸੀਏ ੲ) ਗਾਈਏ ਸ) ਹੱਸੀਏ

7. ਈਸ਼ਵਰ ਚੰਦਰ ਵਿੱਦਿਆ ਸਾਗਰ ਜੀ ਨੇ ਮੁੰਡੇ ਨੂੰ ਕਿੰਨੇ ਰੁਪਏ ਦਿੱਤੇ?

ੳ) ਇੱਕ ਅ) ਤਿੰਨ ੲ) ਦਸ ਸ) ਪੰਜ

8. ਸਹੀ ਸ਼ਬਦ ਦੀ ਚੋਣ ਕਰੋ:

ੳ)ਸਾਹਿਬਜਾਦੇ ਅ)ਸਹਿਬਜ਼ਾਦੇ ੲ)ਸਾਹਿਬਜ਼ਾਦੇ ਸ)ਸਾਹਬਜ਼ਾਦੇ

9. ਬਾਬਾ ਸੋਹਣ ਸਿੰਘ ਭਕਨਾ ਨੂੰ ਜਿਹੜੀ ਆਮਦਨ ਹੁੰਦੀ, ਉਹ ਕਿਸ ਉੱਤੇ ਖ਼ਰਚ ਕਰ ਦਿੰਦੇ ਸਨ?

ੳ) ਘਰ ਅ) ਦੁਕਾਨ ੲ) ਸਕੂਲ ਸ) ਖਾਣ-ਪੀਣ

10. ਕਿਸ ਨਦੀ ਦੇ ਕੰਢੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ ਸੀ?

ੳ) ਸਰਸਾ ਅ) ਗੰਗਾ ੲ) ਸਤਲੁਜ ਸ) ਰਾਵੀ

11. 'ਨੈਣ' ਸ਼ਬਦ ਤੋਂ ਕੀ ਭਾਵ ਹੈ?

ੳ) ਪੈਰ ਅ) ਅੱਖਾਂ ੲ) ਹੱਥ ਸ) ਦੰਦ

12. ਪੰਜਾਬ ਦੀ ਰਾਜਧਾਨੀ ਕਿਹੜੀ ਹੈ?

ੳ) ਪਟਿਆਲ਼ਾ ਅ) ਬਠਿੰਡਾ ੲ) ਜਲੰਧਰ ਸ) ਚੰਡੀਗੜ੍ਹ

13. ਕਿਹੜਾ ਰੁੱਖ ਦਵਾਈਆਂ ਲਈ ਵੀ ਵਰਤਿਆ ਜਾਂਦਾ ਹੈ?

ੳ) ਟਾਹਲੀ ਅ) ਕਿੱਕਰ ੲ) ਨਿੰਮ ਸ) ਸਫ਼ੈਦਾ

14. ਕਬੱਡੀ ਨੂੰ ਬੰਗਾਲ ਵਿੱਚ ਕੀ ਕਹਿੰਦੇ ਹਨ?

ੳ) ਕਬੱਡੀ ਅ) ਡੋ-ਡੋ ੲ) ਹੂ-ਤੂ-ਤੂ ਓ) ਕੋਡੀ

P-II

15. ਕਿਹੜੀ ਮਸ਼ੀਨ ਬਹੁਤ ਤਰ੍ਹਾਂ ਦੇ ਕੰਮ ਕਰਦੀ ਹੈ?

ੳ) ਕੰਪਿਊਟਰ ਅ) ਸਿਲਾਈ-ਮਸ਼ੀਨ ੲ) ਫ਼ਰਿੱਜ ਸ) ਟੀ.ਵੀ.

16. 'ਬੀੜ'ਕਿਸ ਨੂੰ ਕਹਿੰਦੇ ਹਨ?

ੳ) ਖੇਤ ਨੂੰ ਅ) ਜੰਗਲ਼ ਨੂੰ ੲ) ਰਾਹ ਨੂੰ ਸ) ਸ਼ਹਿਰ ਨੂੰ

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।ਹਰ ਪ੍ਰਸ਼ਨ ਦੇ ਦੋ ਅੰਕ ਹਨ। 16 ਅੰਕ

1) ਸਵੇਰੇ ਜਲਦੀ ਉੱਠਣ ਦੇ ਦੋ ਲਾਭ ਲਿਖੋ:

ੳ).....

ਅ) .....

2) ਗੰਗੂ ਰਸੋਈਏ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਖ਼ਬਰ.....ਤੱਕ ਪਹੁੰਚਾ ਦਿੱਤੀ।

3) ਚਿੜੀ ਮੱਘੂ ਮਗਰ-ਮੱਛ ਦੇ ਮੂੰਹ ਵੜ ਕੇ.....ਮਾਰਨ ਲੱਗੀ।

4) ਕਬੱਡੀ ਪੰਜਾਬੀਆਂ ਦੀ.....ਖੇਡ ਹੈ।

5) 'ਦੋਹਤਾ' ਕਿਸ ਨੂੰ ਕਹਿੰਦੇ ਹਨ?

.....

6) ਬੁੱਧੂ ਕਿੱਥੇ ਜਾਣ ਦੀ ਜ਼ਿਦ ਕਰਨ ਲੱਗਾ?

.....

7) 'ਆਥਣ' ਦੇ ਉਲਟ ਭਾਵ ਵਾਲ਼ਾ ਸ਼ਬਦ ਲਿਖੋ।

.....

8) 'ਕੁੜੀ ਗੀਤ ਗਾ ਰਹੀ ਹੈ'ਵਾਕ ਵਿੱਚ 'ਕੁੜੀ' ਦੀ ਥਾਂ 'ਕੁੜੀਆਂ' ਸ਼ਬਦ ਲਿਖ ਕੇ ਵਾਕ ਲਿਖੋ।

.....

4. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ? 4 ਅੰਕ

ੳ) ਸਹਾਇਤਾ ਅ) ਸਨਾਤਨ ਧਰਮ ੲ) ਨੀਂਹਾਂ ਸ) ਦਾਨ ਹ) ਉਪਜਾਊ

1. ਜ਼ਾਲਮਾਂ ਨੇ ਸਾਹਿਬਜ਼ਾਦਿਆਂ ਨੂੰ ਜਿਊਂਦਿਆਂ ਹੀ.....ਵਿੱਚ ਚਿਣਵਾ ਦਿੱਤਾ।

P-IV

2. ਜਦੋਂ ਕੋਈ ਲੋੜਵੰਦ ਮਿਲੇ ਤਾਂ ਉਸ ਦੀ .....ਕਰਨੀ।

3. ਇਹ ਮੱਝ ਸਕੂਲ ਨੂੰ.....ਦੇਣ ਲਈ ਖੋਲ੍ਹ ਦਿਓ।

4. ਪੰਜਾਬ ਦੀ ਮਿੱਟੀ ਬਹੁਤ.....ਹੈ।

5. ਹੇਠਾਂ ਦਿੱਤੇ ਸ਼ਬਦਾਂ ਨੂੰ ਅਰਥਾਂ ਨਾਲ ਮਿਲਾਓ 4 ਅੰਕ

| | |
|---|---|
| ਮਖੌਲ | ਪਕਿਆਈ |
| ਆਲੀਸ਼ਾਨ | ਵਿਸ਼ਵਾਸ |
| ਦ੍ਰਿੜ੍ਹਤਾ | ਸ਼ਾਨਦਾਰ |
| ਫ਼ੀਸਦੀ | ਅੰਦਾਜ਼ਾ |
| ਲੱਖਣ | ਪ੍ਰਤਿਸ਼ਤ |

6. ਹੇਠ ਲਿਖੇ ਸ਼ਬਦਾਂ ਤੋਂ ਵਾਕ ਬਣਾਓ:- 3 ਅੰਕ

ੳ) ਗਿਆਨ-.....
ਅ) ਪਹਿਲਵਾਨ-.....
ੲ) ਮਸ਼ੀਨ-.....

7. ਸਮਝੋ ਅਤੇ ਕਰੋ: 4 ਅੰਕ

| | |
|---|---|
| ਚਾਚਾ | ਚਾਚੀ |
| ਰਾਜਾ | ..... |
| ਫੁੱਫੜ | ..... |
| ਬਿੱਲਾ | ..... |
| ਕਬੂਤਰ | ..... |

8. ਸਤਰਾਂ ਪੂਰੀਆਂ ਕਰੋ : 4 ਅੰਕ

ਸੌਂਪ ਦਏਗੀ ਜੋ ਕੰਮ ਮੈਨੂੰ ,


.....

ਵੰਡ ਲਈ ਜਾਇਦਾਦ ਫਿਰ,

.....

P-V

9. ਨਕਸ਼ੇ ਵਿੱਚ ਪੰਜਾਬ ਦੇ ਤਿੰਨ ਖੇਤਰਾਂ ਦੇ ਨਾਂ ਲਿਖੋ। 3 ਅੰਕ



10. ਬੀਮਾਰ ਹੋਣ ਕਾਰਨ ਸਕੂਲ ਵਿੱਚੋਂ ਛੁੱਟੀ ਲੈਣ ਲਈ ਅਰਜ਼ੀ ਲਿਖੋ। 8 ਅੰਕ

ਜਾਂ

ਆਪਣੇ ਚਾਚਾ ਜੀ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਸਕੂਲ ਵਿੱਚੋਂ ਛੁੱਟੀ ਲੈਣ ਲਈ ਅਰਜ਼ੀ ਲਿਖੋ।

.....

.....

.....

.....

.....

.....

.....

.....

.....

.....

.....

.....

.....

.....

.....

.....

P-VI

11. ਮੇਰਾ ਪਿੰਡ/ ਸ਼ਹਿਰ ਜਾਂ ਦਿਵਾਲੀ ਬਾਰੇ ਲੇਖ ਲਿਖੋ। 8 ਅੰਕ

.....

.....

.....

.....

.....

.....

.....

.....

.....

.....

.....

.....

.....

.....

.....

.....

.....